ਗੁਰੂ ਨਾਨਕ –ਸਬਦ ੧੧੦

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥

ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੯੧

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥
ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥

ਸਾਰ: "ਅਛੂਤ" ਦੀ ਧਾਰਨਾ ਭ੍ਰਿਸ਼ਟ ਮਾਨਸਿਕ ਅਵਸਥਾਵਾਂ ਨੂੰ ਦਰਸਾਉਂਦੀ ਹੈ ਜੋ ਸਾਡੇ ਅੰਤਹਕਰਣ ਨੂੰ ਰਸਾਤਲ ਵਿਚ ਡੇਗਦੀ ਹੈ। ਇਹ ਮਾਰੂ ਗੁਣ ਸਮਾਜਿਕ ਦਰਜਾਬੰਦੀ ਕਰ ਸਕਦੇ ਹਨ ਜੋ ਕਿਸੇ ਨੂੰ ਸਮਾਜ ਨਾਲੋਂ ਅਲੱਗ ਕਰਦੀ ਅਤੇ ਨੁਕਸਾਨ ਪਹੁੰਚਾਉਂਦੀ ਹੈ। ਜਦੋਂ ਤੱਕ ਇਹਨਾਂ ਦੀ ਪੜਚੋਲ ਨਾ ਕੀਤੀ ਜਾਵੇ, ਤਾਂ ਇਹ ਦਵੈਤ, ਪੱਖਪਾਤ ਅਤੇ ਨਫ਼ਰਤ ਪੈਦਾ ਕਰਦੇ ਹਨ, ਜਿਸਦੇ ਨਤੀਜੇ ਵਜੋਂ ਵੰਡਾਂ ਪੈਦਾ ਹੁੰਦੀਆਂ ਹਨ ਜੋ ਜਾਪਦੀਆਂ ਤਾਂ ਸਮਾਜਿਕ ਹਨ ਪਰ ਅਸਲ ਵਿਚ ਇਨ੍ਹਾਂ ਦਾ ਬੀਜ਼ ਸਾਡੇ ਅੰਦਰੋਂ ਪੈਦਾ ਹੁੰਦਾ ਹੈ। ਜਿਸ ਤਰ੍ਹਾਂ ਅਸੀਂ ਇਸ ਭ੍ਰਿਸ਼ਟ ਵਰਤਾਰੇ ਨੂੰ ਪਛਾਣਦੇ ਹਾਂ ਤਾਂ ਸਾਡਾ ਧਿਆਨ ਸਮਾਜਿਕ ਚਿੰਨ੍ਹਾਂ ਤੋਂ ਏਕਤਾ ਦੀ ਜਾਗਰੂਕਤਾ ਵੱਲ ਕੇਂਦਰਿਤ ਹੋ ਜਾਂਦਾ ਹੈ, ਵਰਗ-ਵੰਡ ਦੀ ਲੋੜ ਘੱਟ ਜਾਂਦੀ ਹੈ, ਅਤੇ ਫਿਰ ਸਮਾਨਤਾ ਦਾ ਉਭਾਰ ਕੁਦਰਤੀ ਤੌਰ 'ਤੇ ਸਾਂਝੀ ਮਨੁੱਖਤਾ ਦੇ ਭਲੇ ਲਈ ਹੁੰਦਾ ਹੈ।

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਗੁੰਮਰਾਹਕੁੰਨ ਬੁੱਧ ਨੀਵੀਂ ਜਾਤ, ਬੇਰਹਿਮੀ ਜਲਾਦ, ਅੰਤਰੀਵੀ ਨਿੰਦਿਆ ਅਛੂਤ, ਅਤੇ ਗੁੱਸਾ ਭਿੱਟਿਆ ਹੋਇਆ ਹੈ। ਇਹ ਸਮਾਨਤਾ ਨਕਾਰਾਤਮਕਤਾ ਦੇ ਵਿਨਾਸ਼ਕਾਰੀ ਸੁਭਾਅ ਨੂੰ ਉਜਾਗਰ ਕਰਦੀ ਹੈ, ਇਸਦੀ ਤੁਲਨਾ ਇਕ ਸਮਾਜਿਕ ਦਰਜਾਬੰਦੀ ਨਾਲ ਕਰਦੀ ਹੈ ਜੋ ਦੁੱਖਾਂ ਨੂੰ ਕਾਇਮ ਰੱਖਦੀ ਹੈ।

ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥
ਜੇਕਰ ਇਹ ਚਾਰੇ ਮਨ ਵਿਚ ਵਸਦੇ ਹਨ ਤਾਂ ਪਵਿੱਤਰਤਾ ਦੀ ਰਸਮੀ ਦੀਵਾਰ ਖੜ੍ਹੀ ਕਰਨ ਦਾ ਕੀ ਫਾਇਦਾ ਹੈ? ਇਹ ਦਰਸਾਉਂਦਾ ਹੈ ਕਿ ਸੱਚੀ ਪਵਿੱਤਰਤਾ ਲਈ ਸਿਰਫ਼ ਬਾਹਰੀ ਰਸਮਾਂ ਦੀ ਨਹੀਂ, ਸਗੋਂ ਅੰਤਰੀਵੀ ਰੁਪਾਂਤ੍ਰਣ ਦੀ ਲੋੜ ਹੁੰਦੀ ਹੈ।

ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥

ਇਮਾਨਦਾਰੀ, ਸੰਜਮ ਅਤੇ ਧਾਰਮਿਕ ਕਰਮਾਂ ਦੇ ਰੂਪ ਵਿਚ ਪਵਿੱਤਰਤਾ ਦੀਆਂ ਰਸਮੀ ਰੇਖਾਵਾਂ ਖਿੱਚੋ, ਅਤੇ ਸਵੈ-ਚਿੰਤਨ ਦਾ ਅਭਿਆਸ ਕਰਕੇ ਆਪਣੇ ਆਪ ਨੂੰ ਨਿਰਮਲ ਕਰੋ।

ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥

ਨਾਨਕ ਕਹਿੰਦੇ ਹਨ ਕਿ ਉਹ ਸੱਚਮੁੱਚ ਉੱਚਤਮਾਂ ਦੇ ਧਾਰਨੀ ਹਨ ਜੋ ਆਪਣੀ ਚੇਤਨਾ ਨੂੰ ਨਕਾਰਾਤਮਕਤਾ ਦੇ ਰਾਹ 'ਤੇ ਨਹੀਂ ਚੱਲਣ ਦਿੰਦੇ। (੧)

ਤੱਤ: ਗੁਰੂ ਨਾਨਕ ਅੰਤਰੀਵੀ ਗੰਦਗੀ ਦੇ ਵਿਚਾਰ ਨੂੰ ਪ੍ਰਗਟ ਕਰਨ ਲਈ ਸਪਸ਼ਟ ਰੂਪਕਾਂ ਦੀ ਵਰਤੋਂ ਕਰਦੇ ਹਨ। ਇਹ ਸ਼ਬਦ ਗੁੱਸੇ ਅਤੇ ਬੇਰਹਿਮੀ ਵਰਗੇ ਅਸ਼ੁੱਧ ਵਿਚਾਰਾਂ ਨੂੰ ਅੰਦਰ ਰੱਖਦਿਆਂ ਹੋਇਆਂ, ਇਕ ਨਿਰਮਲ ਭੌਤਿਕ ਜਾਂ ਸਮਾਜਿਕ ਸਥਾਨ ਨੂੰ ਬਣਾਈ ਰੱਖਣ ਦੀ ਥੋਥੀ ਕੋਸ਼ਿਸ਼ ਨੂੰ ਵਿਅੰਗਾਤਮਕਤਾ ਤੌਰ 'ਤੇ ਉਜਾਗਰ ਕਰਦੀ ਹੈ। ਇਹ ਇਸ ਤੱਥ 'ਤੇ ਜ਼ੋਰ ਦਿੰਦਾ ਹੈ ਕਿ ਨਿਰਮਲ ਪਵਿੱਤਰਤਾ ਕਿਸੇ ਦੇ ਪੇਸ਼ੇ ਜਾਂ ਆਰਥਿਕ ਸਥਿਤੀ ਦੇ ਅਧਾਰ 'ਤੇ, ਖੜ੍ਹੀਆਂ ਕੀਤੀਆਂ ਹੱਦਾਂ ਜਾਂ ਵੰਡਾਂ ਦੁਆਰਾ ਨਿਰਧਾਰਤ ਨਹੀਂ ਕੀਤੀ ਜਾਂਦੀ, ਸਗੋਂ ਪੱਖਪਾਤ ਨੂੰ ਦੂਰ ਕਰਕੇ ਅਤੇ ਦਇਆ ਭਰਪੂਰ ਜਾਗਰੂਕਤਾ ਨੂੰ ਉਤਸ਼ਾਹਿਤ ਕਰਕੇ ਨਿਰਧਾਰਤ ਕੀਤੀ ਜਾਂਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**